# ਪ੍ਰੈਸ ਨੋਟ

ਡਾ: ਸੰਦੀਪ ਕੁਮਾਰ ਗਰਗ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਰੂਪਨਗਰ ਵਲੋ ਪ੍ਰੈਸ ਨੋਟ ਰਾਂਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸ਼੍ਰੀ ਮਨਵਿੰਦਰ ਵੀਰ ਸਿੰਘ, ਪੀ.ਪੀ.ਐਸ, ਕਪਤਾਨ ਪੁਲਿਸ (ਡਿਟੇਕਟਿਵ) ਅਤੇ ਸ਼੍ਰੀ ਤਲਵਿੰਦਰ ਸਿੰਘ ਗਿੱਲ, ਪੀ.ਪੀ.ਐਸ, ਉਪ ਕਪਤਾਨ ਪੁਲਿਸ (ਡਿਟੇਕਟਿਵ) ਰੂਪਨਗਰ ਦੀ ਅਗਵਾਈ ਹੇਠ ਜਿਲ੍ਹਾਂ ਪੁਲਿਸ ਰੂਪਨਗਰ ਵੱਲੋ ਭਗੋੜੇ/ਗੈਗਸਟਰ/ ਨਸ਼ਾਂ ਸਮੱਗਲਰਾ ਖਿਲਾਫ ਛੇੜੀ ਮੁਹਿੰਮ ਨੂੰ ਉਸ ਸਮੇ ਅਹਿਮ ਸਫਲਤਾ ਹਾਸਲ ਹੋਈ ਜਦੋ ਭਗੌੜੈ ਗੈਗਸਟਰ/ਕੁਖਿਆਤ ਅਪਰਾਧੀ **ਰਾਜ ਸਿੰਘ ਉਰਫ ਰਾਜਾ ਬਸਾਲੀ** ਪੁੱਤਰ ਓਕਾਰ ਸਿੰਘ ਵਾਸੀ ਪਿੰਡ ਬਸਾਲੀ ਥਾਣਾ ਨੂਰਪੁਰਬੇਦੀ, **ਜਿਸ ਪਰ ਇਰਾਦਾ ਕਤਲ/ਅਗਵਾ/ਲੜਾਈ ਝਗੜਿਆ ਦੇ 09 ਮੁਕੱਦਮੇ ਦਰਜ ਸਨ ਨੂੰ ਸਮੇਤ 03 ਪਿਸਤੌਲ 315 ਬੋਰ ਅਤੇ 52 ਗ੍ਰਾਮ ਨਸੀਲੇ ਪਾਊਡਰ ਦੇ ਗ੍ਰਿਫਤਾਰ ਕਰਨ ਵਿੱਚ ਬਹੁਤ ਵੱਡੀ ਕਾਮਯਾਂਬੀ ਹਾਸਲ ਹੋਈ।**

ਡਾਂ: ਸੰਦੀਪ ਗਰਗ ਨੇ ਅੱਗੇ ਜਾਣਕਾਰੀ ਦਿੰਦੇ ਦੱਸਿਆ ਕਿ ਅੱਜ ਮਿਤੀ 14.9.2022 ਨੂੰ ਇੰਸਪੈਕਟਰ ਸਤਨਾਮ ਸਿੰਘ ਇੰਚਾਰਜ ਸੀ.ਆਈ.ਏ. ਰੂਪਨਗਰ ਦੀ ਟੀਮ ਵੱਲੋ ਬਾਹੱਦ ਪਿੰਡ ਆਜਮਪੁਰ ਤੋ ਦੋਸ਼ੀ ਰਾਜ ਸਿੰਘ ਉਰਫ ਰਾਜਾ ਬਸਾਲੀ ਪੁੱਤਰ ਓਕਾਰ ਸਿੰਘ ਵਾਸੀ ਪਿੰਡ ਬਸਾਲੀ ਥਾਣਾ ਨੂਰਪੁਰਬੇਦੀ ਨੂੰ ਸਮੇਤ 03 ਪਿਸਤੌਲ 315 ਬੋਰ ਸਮੇਤ 03 ਰੋਦ ਜਿੰਦਾ 315 ਬੋਰ ਅਤੇ 52 ਗ੍ਰਾਮ ਨਸੀਲੇ ਪਾਊਡਰ ਦੇ ਗ੍ਰਿਫਤਾਰ ਕਰਕੇ ਦੋਸ਼ੀ ਖਿਲਾਫ ਮ:ਨੰ:123 ਮਿਤੀ 14.9.2022 ਅ/ਧ 22/61/85 NDPS ACT ਥਾਣਾ ਨੂਰਪੁਰਬੇਦੀ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਦੀ ਜਾ ਰਹੀ ਹੈ।ਮੁੱਢਲੀ ਪੁੱਛਗਿੱਛ ਦੋਰਾਨ ਪਾਇਆ ਗਿਆ ਕਿ ਇਸ ਪਰ ਕ੍ਰੀਬ 9 ਮੁਕੱਦਮੇ ਦਰਜ ਹਨ ਜਿਨ੍ਹਾਂ ਵਿੱਚ ਇਹ ਵਿੱਚ ਭਗੋੜਾ ਸੀ।ਜੋ ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਸਖਤੀ ਨਾਲ ਪੁੱਛਗਿੱਛ ਕੀਤੀ ਜਾਵੇਗੀ। ਜਿਸ ਪਾਸੋਂ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਆਸ ਹੈ।

**ਦੋਸ਼ੀ ਖਿਲਾਫ ਦਰਜ ਮੁਕੱਦਮੇ:- ਜਿਹਨਾ ਵਿੱਚ ਦੋਸੀ ਭਗੌੜਾ ਸੀ ।**

1. ਮ:ਨੰ: 92 ਮਿਤੀ 01.9.2017 ਅ/ਧ 323,325,341,148,149 IPC ਥਾਣਾ ਨੂਰਪੁਰਬੇਦੀ ।
2. ਮ:ਨੰ: 21 ਮਿਤੀ 06.03.2019 ਅ/ਧ 307,341,323,506,148,149 IPC ਥਾਣਾ ਨੂਰਪੁਰਬੇਦੀ ।
3. ਮ:ਨੰ: 53 ਮਿਤੀ 28.04.2021 ਅ/ਧ 307,341,323,506,148,149 IPC & 25 ARM ACT ਥਾਣਾ ਨੂਰਪੁਰਬੇਦੀ।
4. ਮ:ਨੰ: 93 ਮਿਤੀ 08.09.2016 ਅ/ਧ 458 ,341,323,506,148,149, IPC ਥਾਣਾ ਨੂਰਪੁਰਬੇਦੀ ।
5. ਮ:ਨੰ: 05 ਮਿਤੀ 12.01.2018 ਅ/ਧ 323,325,341,148,149 IPC ਥਾਣਾ ਨੂਰਪੁਰਬੇਦੀ ।
6. ਮ:ਨੰ: 146 ਮਿਤੀ 19.05.2018 ਅ/ਧ 341,353,332,506, IPC 25 ARM ACT ਥਾਣਾ ਹਰੌਲੀ ਊਨਾ।
7. ਮ:ਨੰ: 116 ਮਿਤੀ 24.10.2018 ਅ/ਧ 323,324,341,506 IPC ਥਾਣਾ ਨੂਰਪੁਰਬੇਦੀ ।
8. ਮ:ਨੰ: 119 ਮਿਤੀ 24.09.2019 ਅ/ਧ 323,341,506,307,148,149 IPC & 25 ARM ACT ਥਾਣਾ ਨੂਰਪੁਰਬੇਦੀ ।
9. ਮ:ਨੰ: 102 ਮਿਤੀ 16.06.2020 ਅ/ਧ 364,367,341,323, 148,149 IPC ਥਾਣਾ ਨੂਰਪੁਰਬੇਦੀ।